Punjabi - September 2017

# ਬੀ ਸੀ ਇਮਿਊਨਾਈਜ਼ੇਸ਼ਨ ਕਾਰਜਕ੍ਰਮ
## B.C. Immunization Schedule

ਟੀਕਾਕਰਣ, ਜਿੰਨਾਂ ਨੂੰ ਵੈਕਸੀਨੇਸ਼ਨਾਂ ਵੀ ਕਿਹਾ ਜਾਂਦਾ ਹੈ, ਸਾਰੀਆਂ ਉਮਰਾਂ ਦੇ ਲੋਕਾਂ ਵਾਸਤੇ ਮਹੱਤਵਪੂਰਨ ਹੈ। ਇਹ ਤੁਹਾਡੇ ਸਰੀਰ ਦੀ ਸੁਰੱਖਿਆ ਪ੍ਰਣਾਲੀ ਨੂੰ ਉਨ੍ਹਾਂ ਬੈਕਟੀਰੀਆ ਅਤੇ ਵਾਇਰਸਾਂ ਨੂੰ ਪਛਾਣਨ ਅਤੇ ਜਲਦੀ ਮਾਰਨ ਵਿੱਚ ਸਹਾਇਤਾ ਕਰਦੇ ਹਨ ਜਿਹੜੇ ਗੰਭੀਰ ਬਿਮਾਰੀ ਜਾਂ ਮੌਤ ਦਾ ਕਾਰਨ ਬਣ ਸਕਦੇ ਹਨ। ਕੁਝ ਇਮਿਊਨਾਈਜ਼ੇਸ਼ਨਾਂ ਇੱਕ ਟੀਕੇ ਜਾਂ ਮੂੰਹ ਰਾਹੀਂ ਦਿੱਤੀ ਜਾਣ ਵਾਲੀ ਖੁਰਾਕ ਦੀ ਤਰ੍ਹਾਂ ਦਿੱਤੀਆਂ ਜਾਂਦੀਆਂ ਹਨ, ਜਦ ਕਿ ਦੂਸਰਿਆਂ ਨੂੰ ਸਮੇਂ ਦੀ ਮਿਆਦ ਵਿੱਚ ਕਈ ਸਾਰੀਆਂ ਖੁਰਾਕਾਂ ਦੀ ਲੋੜ ਹੁੰਦੀ ਹੈ। ਬੀ.ਸੀ. ਵਿੱਚ, ਇਮਿਊਨਾਈਜ਼ੇਸ਼ਨ ਤੁਹਾਡੀ ਸਥਾਨਕ ਪਬਲਿਕ ਸਿਹਤ ਯੂਨਿਟ ਵਿੱਚ ਪਬਲਿਕ ਸਿਹਤ ਨਰਸਾਂ ਵੱਲੋਂ ਅਤੇ ਨਿਜੀ ਟ੍ਰੈਵਲ ਅਤੇ ਵੈਕਸੀਨ ਕਲੀਨਿਕਾਂ ਵਿੱਚ ਡਾਕਟਰਾਂ, ਫਾਰਮਾਸਿਸਟਾਂ ਅਤੇ ਨਰਸਾਂ ਵੱਲੋਂ ਲਗਾਏ ਜਾਂਦੇ ਹਨ। ਕੁਝ ਕਾਰਜਸਥਾਨਾਂ ਦੀਆਂ ਵਿਵਸਾਇਕ ਸਿਹਤ ਨਰਸਾਂ ਵੀ ਹਨ ਜੋ ਮਾਲਕਾਂ ਦੀਆਂ ਲੋੜਾਂ ਅਤੇ ਸਿਫਾਰਿਸ਼ਾਂ ਦੇ ਮੁਤਾਬਕ ਇਮਿਊਨਾਈਜ਼ੇਸ਼ਨਾਂ ਦੇ ਸਕਦੀਆਂ ਹਨ।

ਹੇਠਾਂ ਦਿੱਤਾ ਗਿਆ ਕਾਰਜਕ੍ਰਮ, ਜਿਸ ਵਿੱਚ ਬੀ.ਸੀ. ਦੇ ਨਿਵਾਸੀਆਂ ਨੂੰ ਮੁਫਤ ਪ੍ਰਦਾਨ ਕੀਤੇ ਜਾਣ ਵਾਲੇ ਵੈਕਸੀਨਾਂ ਦੀ ਸੂਚੀ ਹੈ, ਇਹ ਨਿਰਧਾਰਿਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਕਿ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਟੀਕਾਕਰਣ ਕਦੋਂ ਕਰਵਾਉਣਾ ਚਾਹੀਦਾ ਹੈ। ਜ਼ੁਕਾਮ ਜਾਂ ਹੋਰ ਮਾਮੂਲੀ ਬਿਮਾਰੀਆਂ ਕਾਰਨ ਇਮਿਊਨਾਈਜ਼ੇਸ਼ਨ ਵਿੱਚ ਦੇਰ ਕਰਨ ਦੀ ਲੋੜ ਨਹੀਂ ਹੈ, ਪਰੰਤੂ ਜਦੋਂ ਕੋਈ ਸ਼ੰਕਾ ਹੋਵੇ, ਤਾਂ ਆਪਣੀਆਂ ਚਿੰਤਾਂਵਾਂ ਬਾਰੇ ਪਹਿਲਾ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ।

ਆਪਣੇ ਅਤੇ ਆਪਣੇ ਪਰਿਵਾਰ ਦੇ ਇਮਿਊਨਾਈਜ਼ੇਸ਼ਨ ਦੇ ਪੂਰੇ ਰਿਕਾਰਡ ਰੱਖਣਾ ਯਕੀਨੀ ਬਣਾਓ। ਤੁਹਾਨੂੰ ਆਮ ਤੌਰ ਤੇ ਉਦੋਂ ਆਪਣੇ ਬੱਚੇ ਦੇ ਇਮਿਊਨਾਈਜ਼ੇਸ਼ਨ ਰਿਕਾਰਡ ਦੇਣ ਲਈ ਕਿਹਾ ਜਾਂਦਾ ਹੈ ਜਦੋਂ ਉਸਨੂੰ ਡੇ ਕੇਅਰ, ਪ੍ਰੀਸਕੂਲ, ਕਿੰਡਰਗਾਰਟਨ, ਸਕੂਲ ਅਤੇ ਪੋਸਟ-ਸੈਕੰਡਰੀ ਸੰਸਥਾਵਾਂ ਵਿੱਚ ਕੁਝ ਕਾਰਜਕ੍ਰਮਾਂ ਵਿੱਚ ਦਾਖਲਾ ਲੈਣ ਲਈ ਰਜਿਸਟਰਡ ਕੀਤਾ ਜਾਂਦਾ ਹੈ। ਜੇ ਤੁਸੀਂ ਸਿਹਤ ਦੇਖਭਾਲ ਪ੍ਰਦਾਤਾ ਬਦਲਦੇ ਹੋ ਤਦ ਵੀ ਤੁਹਾਡੇ ਇਮਿਊਨਾਈਜ਼ੇਸ਼ਨ ਰਿਕਾਰਡ ਜਾਣਕਾਰੀ ਦਾ ਇੱਕ ਮਹੱਤਵਪੂਰਨ ਸ੍ਰੋਤ ਹੁੰਦੇ ਹਨ।

ਇਮਿਊਨਾਈਜ਼ੇਸ਼ਨ ਦੀ ਲੋੜ ਸਿਰਫ ਬਚਪਨ ਦੇ ਨਾਲ ਖਤਮ ਨਹੀਂ ਹੋ ਜਾਂਦੀ। ਹਜ਼ਾਰਾਂ ਲੋਕ ਹਸਪਤਾਲ ਵਿੱਚ ਦਾਖਲ ਹੁੰਦੇ ਹਨ ਅਤੇ ਅਨੇਕ ਲੋਕਾਂ ਦੀ ਮੌਤ ਇੰਫਲੂਐਂਜ਼ਾ ਅਤੇ ਅਜਿਹੀਆਂ ਦੂਸਰੀਆਂ ਬਿਮਾਰੀਆਂ ਦੇ ਕਾਰਨ ਹੋ ਜਾਂਦੀ ਹੈ ਜਿਹਨਾਂ ਦੀ ਰੋਕਥਾਮ ਇਮਿਊਨਾਈਜ਼ੇਸ਼ਨ ਨਾਲ ਕੀਤੀ ਜਾ ਸਕਦੀ ਹੈ। ਹੇਠਾਂ ਦਿੱਤੀਆਂ ਮੁਫਤ ਮੁਹੱਈਆ ਕੀਤੀਆਂ ਜਾਣ ਵਾਲੀਆਂ ਵੈਕਸੀਨਾਂ ਤੋਂ ਅਲਾਵਾ ਹੋਰ ਵੈਕਸੀਨਾਂ ਵੀ ਉਪਲਬਧ ਹਨ ਜਿਹਨਾਂ ਨੂੰ ਖਰੀਦਣ ਦੀ ਚੋਣ ਤੁਸੀਂ ਕਰ ਸਕਦੇ ਹੋ। ਇਹਨਾਂ ਵੈਕਸੀਨਾਂ ਬਾਰੇ ਜਾਣਕਾਰੀ ਲਈ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ। ਇਮਿਊਨਾਈਜ਼ੇਸ਼ਨ ਕਰਵਾ ਕੇ, ਤੁਸੀਂ ਖੁਦ ਦੇ ਨਾਲ-ਨਾਲ ਦੂਜਿਆਂ ਦੀ ਵੀ ਰੱਖਿਆ ਕਰਦੇ ਹੋ।

ਜੇਕਰ ਇਮਿਊਨਾਈਜ਼ੇਸ਼ਨ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ ਜਾਂ ਇੱਕ ਰਜਿਸਟਰਡ ਨਰਸ ਨਾਲ ਗੱਲ ਕਰਨ ਲਈ **8-1-1** ਤੇ ਫੋਨ ਕਰੋ। ਵਧੇਰੇ ਜਾਣਕਾਰੀ ਲਈ, www.HealthLinkBC.ca/healthfiles/DiseasePrevention.stm ਤੇ ਡੀਜ਼ੀਜ਼ ਪ੍ਰੀਵੈਨਸ਼ਨ ਬਾਰੇ ਹੈਲਥਲਿੰਕ ਬੀਸੀ ਫਾਇਲਾਂ ਦੇਖੋ ਜਾਂ www.immunizebc.ca 'ਤੇ ਜਾਓ।

**ਅਨੁਵਾਦ ਸੇਵਾਵਾਂ ਉਪਲਬਧ ਹਨ**

ਜੇ ਤੁਸੀਂ ਅੰਗਰੇਜ਼ੀ ਤੋਂ ਇਲਾਵਾ ਦੂਸਰੀਆਂ ਭਾਸ਼ਾਵਾਂ ਵਿੱਚ ਜਾਣਕਾਰੀ ਜਾਂ ਸਲਾਹ ਲੱਭ ਰਹੇ ਹੋ, ਤਾਂ ਅਨੁਵਾਦ ਸੇਵਾਵਾਂ 130 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹਨ। **8-1-1** ਨੂੰ ਫੋਨ ਕਰਨ ਤੋਂ ਬਾਅਦ, ਤੁਸੀਂ ਇੱਕ ਅੰਗਰੇਜ਼ੀ ਬੋਲਣ ਵਾਲੇ ਸਿਹਤ ਸੇਵਾਵਾਂ ਵਾਲੇ ਪ੍ਰਤੀਨਿਧੀ ਦੇ ਨਾਲ ਜੁੜੋਗੇ। ਕਿਸੇ ਹੋਰ ਭਾਸ਼ਾ ਵਿੱਚ ਸੇਵਾ ਪ੍ਰਾਪਤ ਕਰਨ ਵਾਸਤੇ, ਸਿਰਫ ਉਸ ਭਾਸ਼ਾ ਦਾ ਨਾਮ ਬੋਲੋ ਜਿਹੜੀ ਤੁਸੀਂ ਭਾਲ ਰਹੇ ਹੋ (ਉਦਾਹਰਣ ਲਈ "**ਪੰਜਾਬੀ**" ਕਹੋ), ਅਤੇ ਇੱਕ ਤਰਜਮਾਨ ਕਾਲ ਵਿੱਚ ਸ਼ਾਮਲ ਹੋ ਜਾਏਗਾ।

# ਨੇਮੀ ਇਮਿਊਨਾਈਜ਼ੇਸ਼ਨ ਕਾਰਜਕ੍ਰਮ

| ਉਮਰ ਸਮੂਹ ➡ ਵੈਕਸੀਨ ⬇ | 2 ਮਹੀਨੇ | 4 ਮਹੀਨੇ | 6 ਮਹੀਨੇ | 12 ਮਹੀਨੇ | 18 ਮਹੀਨੇ | 4 ਸਾਲ ਦੀ ਉਮਰ ਤੇ ਸ਼ੁਰੂਆਤ (ਕਿੰਡਰਗਾਰਟਨ ਪ੍ਰਵੇਸ਼) | ਗਰੇਡ 6 | ਗਰੇਡ 9 | ਬਾਲਗ | 65 ਸਾਲ ਅਤੇ ਉਸ ਤੋਂ ਵੱਧ | ਉੱਚ ਜੋਖਮ ਪ੍ਰੋਗਰਾਮ * |
|---|---|---|---|---|---|---|---|---|---|---|---|
| ਡਿਪਥੀਰੀਆ, ਟੈਟਨਸ, ਪਰਟੂਸਿਸ, ਹੈਪੇਟਾਈਟਸ ਬੀ, ਪੋਲੀਓ ਅਤੇ *ਹੀਮੋਫਿਲਿਸ ਇੰਫਲੂਐਨਜ਼ਾਏ* ਟਾਇਪ ਬੀ ਵੈਕਸੀਨ (ਡੀਟੈਪ-ਐਚਬੀ-ਆਈਪੀਵੀ-ਹਿਬ) (#105) | ✔ | ✔ | ✔ | | | | | | | | |
| ਡਿਪਥੀਰੀਆ, ਟੈਟਨਸ, ਪਰਟੂਸਿਸ, ਪੋਲੀਓ *ਹੀਮੋਫਿਲਿਸ ਇੰਫਲੂਐਨਜ਼ਾਏ* ਟਾਇਪ ਬੀ (ਡੀਟੈਪ-ਆਈਪੀਵੀ-ਹਿਬ) ਵੈਕਸੀਨ (#15b) | | | | | ✔ | | | | | | |
| ਨਿਯਮੋਕੋਕਲ ਕੌਨਜੁਗੇਟ (ਪੀ ਸੀ ਵੀ 13) ਵੈਕਸੀਨ (#62a) | ✔ | ✔ | | ✔ | | | | | | | ✔ * |
| ਰੋਟਾਵਾਇਰਸ ਵੈਕਸੀਨ (#104) | ✔ | ✔ | | | | | | | | | |
| ਹੈਪੇਟਾਈਟਸ ਏ ਵੈਕਸੀਨ (#33) **[a]** | | | ✔ ਕੇਵਲ ਆਦਿਵਾਸ ੀ ਬੱਚੇ | | ✔ ਕੇਵਲ ਆਦਿਵਾਸੀ ਬੱਚੇ | | | | | | ✔ * |
| ਹੈਪੇਟਾਈਟਸ ਬੀ ਵੈਕਸੀਨ (#25a) **[b]** | | | | | | | ✔ ਜੇਕਰ ਪਾਤਰ ਹੈ | | ✔ ਜੇਕਰ ਪਾਤਰ ਹੈ | | ✔ * |
| ਮੀਜ਼ਲਜ਼,ਮੰਮਪਸ,ਰੁਬੈਲਾ (ਐਮ ਐਮ ਆਰ) ਵੈਕਸੀਨ (#14a) **[c]** | | | | ✔ | | | | | ✔ ਜੇ ਅਸਾਨੀ ਨਾਲ ਪ੍ਰਭਾਵਿਤ ਹੋਣ ਵਾਲਾ | | |
| ਮੇਨਿੰਨਜੋਕੋਕਲ ਸੀ ਕੌਨਜੁਗੇਟ (ਮੇਨ-ਸੀ) ਵੈਕਸੀਨ (#23a) **[d]** | ✔ | | | ✔ | | | | | ✔ ਜੇਕਰ ਪਾਤਰ ਹੈ | | |
| ਮੇਨਿੰਨਜੋਕੋਕਲ ਕੁਆਡਰੀਵੇਲੈਂਟ ਵੈਕਸੀਨ (#23b) | | | | | | | | ✔ | | | ✔ * |
| ਚਿਕਨਪੌਕਸ (ਵੈਰੀਸੈਲਾ) ਵੈਕਸੀਨ (#44b) **[e]** | | | | ✔ | | | ✔ ਜੇਕਰ ਪਾਤਰ ਹੈ | | ✔ ਜੇ ਅਸਾਨੀ ਨਾਲ ਪ੍ਰਭਾਵਿਤ ਹੋਣ ਵਾਲਾ | | |
| ਮੀਜ਼ਲਜ਼,ਮੰਮਪਸ,ਰੁਬੈਲਾ ਅਤੇ ਵੈਰੀਸੈਲਾ (ਐਮ ਐਮ ਆਰ ਵੀ) ਵੈਕਸੀਨ (#14e) **[e]** | | | | | | ✔ | | | | | |
| ਹਿਯੂਮਨ ਪੈਪੀਲੋਮਾਵਾਇਰਸ (ਐਚ ਪੀ ਵੀ) ਵੈਕਸੀਨ (#101b) **[f]** | | | | | | | ✔ | | ✔ ਜੇਕਰ ਪਾਤਰ ਹੈ | | ✔ * |
| ਟੈਟਨਸ, ਡਿਫਥੇਰੀਆ, ਪਰਟੂਸਿਸ, ਪੋਲੀਓ (ਟੀਡੈਪ -ਆਈਪੀਵੀ) ਵੈਕਸੀਨ (#15a) | | | | | | ✔ | | | | | |
| ਟੈਟਨਸ,ਡਿਪਥੀਰੀਆ, ਪਰਟੂਸਿਸ (ਟੀਡੈਪ) ਵੈਕਸੀਨ (#18c) **[g]** | | | | | | | | ✔ | ✔ ਜੇਕਰ ਪਾਤਰ ਹੈ | | |
| ਟੈੱਟਨਸ ਅਤੇ ਡਿਫਥੇਰੀਆ (Td) ਵੈਕਸੀਨ (#18a) **[h]** | | | | | | | | | ✔ ਹਰ 10 ਵਰ੍ਹੇ ਵਿੱਚ ਇੱਕ ਵਾਰ | ✔ ਹਰ 10 ਵਰ੍ਹੇ ਵਿੱਚ ਇੱਕ ਵਾਰ | |
| ਇੰਨਐਕਟੀਵੇਟਿਡ ਇੰਨਫਲੂਐ ਨਜ਼ਾ (ਫਲੂ) ਵੈਕਸੀਨ (#12d) **[i]**<br>ਲਾਇਵ ਅਟੈਨੁਏਟਿਡ ਇੰਨਫਲਐਨਜ਼ਾ (ਫਲੂ) ਵੈਕਸੀਨ (#12e) **[i] [j]** | | | ✔ 6 ਮਹੀਨੇ ਤੋਂ 4 ਵਰ੍ਹੇ ਤੱਕ ਦੀ ਉਮਰ ਦੇ ਬੱਚਿਆਂ ਨੂੰ ਸਾਲਾਨਾ | | | | | | | ✔ ਸਾਲਾਨਾ | ✔ * ਸਾਲਾਨਾ |
| ਨਿਯੂਮੋਕੋਕਲ ਪੋਲੀਸੈਕਰਾਇਡ ਵੈਕਸੀਨ (#62b) | | | | | | | | | | ✔ ਕੇਵਲ 1 ਵਾਰੀ | ✔ * |

a. ਹੈਪੇਟਾਈਟਿਸ ਏ ਵੈਕਸੀਨ ਰਿਜ਼ਰਵ ਜਗ੍ਹਾ ਵਿੱਚ ਰਹਿਣ ਵਾਲੇ ਅਤੇ ਰਿਜ਼ਰਵ ਜਗ੍ਹਾ ਤੋਂ ਬਾਹਰ ਰਹਿਣ ਵਾਲੇ 6 ਮਹੀਨਿਆਂ ਤੋਂ ਲੈ ਕੇ 18 ਵਰ੍ਹੇ ਤੱਕ ਦੀ ਉਮਰ ਦੇ ਆਦਿਵਾਸੀ ਬੱਚਿਆਂ ਅਤੇ ਕਿਸ਼ੋਰਾਂ ਨੂੰ ਮੁਫ਼ਤ ਦਿੱਤੀ ਜਾਂਦੀ ਹੈ। ਬੱਚਿਆਂ ਨੂੰ ਪਹਿਲੀ ਖੁਰਾਕ 6 ਮਹੀਨਿਆਂ ਦੀ ਉਮਰ ਵਿੱਚ ਅਤੇ ਦੂਜੀ ਖੁਰਾਕ 18 ਮਹੀਨਿਆਂ ਦੀ ਉਮਰ ਵਿੱਚ ਦਿੱਤੀ ਜਾਂਦੀ ਹੈ। ਇਸਤੋਂ ਵੱਡੀ ਉਮਰ ਦੇ ਬੱਚਿਆਂ ਅਤੇ ਕਿਸ਼ੋਰਾਂ ਨੂੰ ਵੈਕਸੀਨ ਦੀਆਂ 2 ਖੁਰਾਕਾਂ ਦੀ ਲੋੜ ਹੁੰਦੀ ਹੈ। ਦੂਜੀ ਖੁਰਾਕ ਨੂੰ ਪਹਿਲੀ ਖੁਰਾਕ ਦੇ ਘੱਟੋ ਘੱਟ 6 ਮਹੀਨੇ ਬਾਅਦ ਦੇਣ ਦੀ ਲੋੜ ਹੁੰਦੀ ਹੈ।

b. ਹੈਪੇਟਾਈਟਸ ਬੀ ਵੈਕਸੀਨ ਬਚਪਨ ਵਿੱਚ ਲਗਾਈਆਂ ਜਾਣ ਵਾਲੀਆਂ ਹੋਰ ਨੇਮੀ ਵੈਕਸੀਨਾਂ ਦੇ ਸੁਮੇਲ 2, 4 ਅਤੇ 6 ਮਹੀਨਿਆਂ ਦੀ ਉਮਰ ਵਿੱਚ 3 ਖੁਰਾਕਾਂ ਦੀ ਇੱਕ ਲੜੀ ਵਜੋਂ ਬੀ.ਸੀ. ਵਿੱਚ ਬੱਚਿਆਂ ਨੂੰ ਮੁਫਤ ਦਿੱਤੀ ਜਾਂਦੀ ਹੈ। ਜਿਹਨਾਂ ਬੱਚਿਆਂ ਨੇ ਆਪਣੇ ਬਾਲ (ਇਨਫੈਂਟ) ਹੈਪਾਟਾਈਟਸ ਬੀ ਵੈਕਸੀਨ ਲੜੀ ਪੂਰੀ ਨਹੀਂ ਕੀਤੀ ਹੈ ਜਾਂ ਜਿਹਨਾਂ ਨੂੰ ਕਦੇ ਵੀ ਵੈਕਸੀਨ ਪ੍ਰਾਪਤ ਨਹੀਂ ਹੋਈ ਹੈ,ਉਨ੍ਹਾਂ ਨੂੰ ਗਰੇਡ 6 ਵਿੱਚ ਹੈਪਾਟਾਈਟਸ ਬੀ ਵੈਕਸੀਨ ਮੁਫਤ ਪੇਸ਼ ਕੀਤੀ ਜਾਏਗੀ।

ਹੈਪੇਟਾਈਟਿਸ ਬੀ ਵੈਕਸੀਨ 1980 ਵਿੱਚ ਜਾਂ ਇਸਤੋਂ ਬਾਅਦ ਪੈਦਾ ਹੋਏ ਉਹਨਾਂ ਲੋਕਾਂ ਨੂੰ ਮੁਫ਼ਤ ਦਿੱਤੀ ਜਾਂਦੀ ਹੈ ਜਿਹਨਾਂ ਨੂੰ ਕਦੇ ਵੀ ਵੈਕਸੀਨ ਪ੍ਰਾਪਤ ਨਹੀਂ ਹੋਈ ਹੈ ਜਾਂ ਜਿਹਨਾਂ ਨੇ ਆਪਣੀ ਉਮਰ ਦੀਆਂ ਖੁਰਾਕਾਂ ਦੀ ਸਿਫਾਰਿਸ਼ ਕੀਤੀ ਸੰਖਿਆ ਪ੍ਰਾਪਤ ਨਹੀਂ ਕੀਤੀ ਹੈ।

c. 1970 ਵਿੱਚ ਜਾਂ ਇਸਤੋਂ ਬਾਅਦ ਪੈਦਾ ਹੋਇਆ ਕੋਈ ਵੀ ਵਿਅਕਤੀ ਜਿਸ ਨੂੰ ਟੀਕੇ ਨਹੀਂ ਲਗੇ ਹਨ ਜਾਂ ਜਿਸਨੂੰ ਖਸਰਾ,ਕੰਨ ਪੇੜੇ ਅਤੇ ਰੁਬੈਲਾ ਦੀ ਇਮਿਊਨਿਟੀ ਨਹੀਂ ਹੈ ਉਸਨੂੰ ਐਮ ਐਮ ਆਰ (MMR) ਵੈਕਸੀਨ ਦੀਆਂ 2 ਖੁਰਾਕਾਂ ਕਰਨੀਆਂ ਚਾਹੀਦੀਆਂ ਹਨ।

d. ਮੇਨ-ਸੀ (Men-C) ਵੈਕਸੀਨ 2002 ਤੋਂ ਪਹਿਲਾਂ ਪੈਦਾ ਹੋਏ 24 ਸਾਲ ਜਾਂ ਉਸ ਤੋਂ ਘੱਟ ਉਮਰ ਦੇ ਉਨ੍ਹਾਂ ਲੋਕਾਂ ਨੂੰ ਮੁਫਤ ਮੁਹੱਈਆ ਕੀਤੀ ਜਾਂਦੀ ਹੈ ਜਿੰਨ੍ਹਾਂ ਨੂੰ ਉਨ੍ਹਾਂ ਦੇ 10ਵੇਂ ਜਨਮਦਿਨ ਤੇ ਜਾਂ ਉਸ ਤੋਂ ਪਹਿਲਾਂ ਵੈਕਸੀਨ ਦੀ ਖੁਰਾਕ ਪ੍ਰਾਪਤ ਨਹੀਂ ਹੋਈ ਹੈ।

e. ਛੋਟੀ ਮਾਤਾ ਵੈਕਸੀਨ 2 ਖੁਰਾਕਾਂ ਦੀ ਇੱਕ ਲੜੀ ਵਜੋਂ ਮੁਫ਼ਤ ਦਿੱਤੀ ਜਾਂਦੀ ਹੈ। ਵੈਕਸੀਨ ਦੀ ਪਹਿਲੀ ਖੁਰਾਕ 12 ਮਹੀਨਿਆਂ ਦੀ ਉਮਰ ਵਿੱਚ ਅਤੇ ਦੂਜੀ ਖੁਰਾਕ ਬੱਚੇ ਦੇ ਕਿੰਡਰਗਾਰਟਨ ਵਿੱਚ ਪ੍ਰਵੇਸ਼ ਤੋਂ ਪਹਿਲਾਂ 4 ਵਰ੍ਹਿਆਂ ਦੀ ਉਮਰ ਦੀ ਸ਼ੁਰੂਆਤ ਵਿੱਚ ਦਿੱਤੀ ਜਾਂਦੀ ਹੈ। ਦੂਜੀ ਖੁਰਾਕ ਮਿਸ਼ਰਤ ਵੈਕਸੀਨ (MMRV) ਦੀ ਤਰ੍ਹਾਂ ਦਿੱਤੀ ਜਾਂਦੀ ਹੈ ਜਿਹੜੀ ਖਸਰੇ, ਕੰਨ-ਪੇੜਿਆਂ ਅਤੇ ਰੂਬੈਲਾ ਦੇ ਵਿਰੁੱਧ ਵੀ ਰੱਖਿਆ ਮੁਹੱਈਆ ਕਰਦੀ ਹੈ। ਗ੍ਰੇਡ 6 ਵਿੱਚ ਉਹਨਾਂ ਵਿਦਿਆਰਥੀਆਂ ਨੂੰ ਛੋਟੀ ਮਾਤਾ ਵੈਕਸੀਨ ਪੇਸ਼ ਕੀਤੀ ਜਾਂਦੀ ਹੈ ਜਿਹਨਾਂ ਨੇ ਛੋਟੀ ਉਮਰ ਵਿੱਚ 2 ਖੁਰਾਕਾਂ ਪ੍ਰਾਪਤ ਨਹੀਂ ਕੀਤੀਆਂ। 13 ਵਰ੍ਹੇ ਅਤੇ ਇਸਤੋਂ ਵੱਧ ਉਮਰ ਦੇ ਉਹਨਾਂ ਲੋਕਾਂ ਨੂੰ ਵੀ 2 ਖੁਰਾਕਾਂ ਦੀ ਲੋੜ ਹੈ ਜਿਹਨਾਂ ਨੂੰ ਕਦੇ ਵੀ ਵੈਕਸੀਨ ਪ੍ਰਾਪਤ ਨਹੀਂ ਹੋਈ ਹੈ। ਉਹਨਾਂ ਬੱਚਿਆਂ ਅਤੇ ਬਾਲਗਾਂ ਜਿਹਨਾਂ ਨੂੰ 1 ਵਰ੍ਹੇ ਜਾਂ ਇਸਤੋਂ ਵੱਧ ਉਮਰ ਵਿੱਚ ਛੋਟੀ ਮਾਤਾ ਜਾਂ ਸ਼ਿੰਗਲਜ਼ ਬੀਮਾਰੀ ਹੋਈ ਸੀ ਲਈ ਛੋਟੀ ਮਾਤਾ ਵੈਕਸੀਨ ਪ੍ਰਾਪਤ ਕਰਨਾ ਲਾਜ਼ਮੀ ਨਹੀਂ ਹੈ। ਇੰਨ੍ਹਾਂ ਬੱਚਿਆਂ ਨੂੰ 4 ਸਾਲ ਦੀ ਉਮਰ ਤੇ ਐਮ ਐਮ ਆਰ ਵੈਕਸੀਨ ਲਗਵਾਉਣੀ ਚਾਹੀਦੀ ਹੈ।

f. ਐਚ ਪੀ ਵੀ (ਫੜ) ਵੈਕਸੀਨ 2 ਖੁਰਾਕਾਂ ਦੀ ਲੜੀ ਦੀ ਤਰ੍ਹਾਂ ਗਰੇਡ 6 ਦੇ ਵਿਦਿਆਰਥੀਆਂ ਨੂੰ ਮੁਫਤ ਮੁਹੱਈਆ ਕੀਤੀ ਜਾਂਦੀ ਹੈ। ਵੈਕਸੀਨ 26 ਸਾਲ ਅਤੇ ਉਸ ਤੋਂ ਘੱਟ ਉਮਰ ਦੇ ਯੋਗ ਵਿਅਕਤੀਆਂ ਨੂੰ ਵੀ ਮੁਫਤ ਮੁਹੱਈਆ ਕੀਤੀ ਜਾਂਦੀ ਹੈ। ਕੌਣ ਵੈਕਸੀਨ ਨੂੰ ਮੁਫਤ ਪ੍ਰਾਪਤ ਕਰ ਸਕਦਾ ਹੈ ਬਾਰੇ ਹੋਰ ਜਾਣਕਾਰੀ ਲਈ HealthLinkBC File #101b ਹਿਯੂਮਨ ਪੈਪੀਲੋਮਾਵਾਇਰਸ (ਐਚ ਪੀ ਵੀ) ਵੈਕਸੀਨਾਂ ਦੇਖੋ।

g. ਟੀਡੈਪ (Tdap) ਵੈਕਸੀਨ ਉਨ੍ਹਾਂ ਬਾਲਗਾਂ ਨੂੰ ਮੁਫਤ ਮੁਹੱਈਆ ਕੀਤੀ ਜਾਂਦੀ ਹੈ ਜਿੰਨਾਂ ਦਾ ਬਚਪਨ ਵਿੱਚ ਪਰਟੂਸਿਸ ਵਿਰੁੱਧ ਟੀਕਾਕਰਣ ਨਹੀਂ ਕੀਤਾ ਗਿਆ ਸੀ, ਜਾਂ ਜਿੰਨਾਂ ਦਾ ਟੀਕਾਕਰਣ ਸੰਬੰਧੀ ਇਤਿਹਾਸ ਨਾ ਮਾਲੂਮ ਹੈ।

18 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਬਾਲਗ ਜਿੰਨ੍ਹਾਂ ਦਾ ਬਚਪਨ ਵਿੱਚ ਪਰਟੂਸਿਸ ਲਈ ਟੀਕਾਕਰਣ ਕੀਤਾ ਗਿਆ ਸੀ, ਪਰ ਜਿੰਨ੍ਹਾਂ ਨੂੰ ਬਾਲਗਪਨ ਵਿੱਚ ਪਰਟੂਸਿਸ ਸ਼ਾਮਲ ਕਰਨ ਵਾਲੀ ਵੈਕਸੀਨ ਨਹੀਂ ਮਿਲੀ ਹੈ ਵਾਸਤੇ ਟੀਡੈਪ ਵੈਕਸੀਨ ਦੀ ਇੱਕ ਬੂਸਟਰ ਖੁਰਾਕ ਦੀ ਸਿਫਾਰਸ਼ ਕੀਤੀ ਜਾਂਦੀ ਹੈ।

h. ਕਿਸੇ ਡੂੰਘੇ ਗੰਦੇ ਜ਼ਖ਼ਮ ਜਾਂ ਕੱਟ ਲੱਗੇ ਵਿਅਕਤੀ ਨੂੰ ਟੈਟਨਸ ਵੈਕਸੀਨ ਦੀ ਇੱਕ ਖੁਰਾਕ ਦੀ ਲੋੜ ਹੋ ਸਕਦੀ ਹੈ ਜੇਕਰ ਉਹਨਾਂ ਨੂੰ ਵੈਕਸੀਨ ਦੀ ਆਪਣੀ ਆਖਰੀ ਖੁਰਾਕ ਪ੍ਰਾਪਤ ਕੀਤੇ ਹੋਏ 5 ਵਰ੍ਹੇ ਜਾਂ ਇਸਤੋਂ ਵੱਧ ਸਮਾਂ ਹੋ ਗਿਆ ਹੈ।

i. ਬੀ.ਸੀ ਵਿੱਚ, ਇੰਫ਼ਲੂਐਂਜ਼ਾ ਵੈਕਸੀਨ ਇੰਫ਼ਲੂਐਂਜ਼ਾ ਤੋਂ ਗੰਭੀਰ ਬਿਮਾਰੀ ਦੇ ਉੱਚ ਜੋਖਮ ਵਾਲੇ ਲੋਕਾਂ ਲਈ ਅਤੇ ਦੂਸਰੇ ਯੋਗ ਲੋਕਾਂ ਲਈ ਮੁਫਤ ਮੁਹੱਈਆ ਕੀਤੀ ਜਾਂਦੀ ਹੈ। ਕੌਣ ਲੋਕ ਇੰਫ਼ਲੂਐਂਜ਼ਾ ਵੈਕਸੀਨ ਮੁਫਤ ਪ੍ਰਾਪਤ ਕਰ ਸਕਦੇ ਹਨ ਦੀ ਪੂਰੀ ਸੂਚੀ ਲਈ, HealthLinkBC File #12d ਇੰਨਐਕਟੀਵੇਟਿਡ ਇੰਨਫਲੂਐਨਜ਼ਾ (ਫਲੂ) ਵੈਕਸੀਨ ਅਤੇ HealthLinkBC File #12e ਲਾਇਵ ਅਟੈਨੂਏਟਿਡ ਇੰਨਫਲੂਐਨਜ਼ਾ (ਫਲੂ) ਵੈਕਸੀਨ ਦੇਖੋ। ਇੰਫ਼ਲੂਐਂਜ਼ਾ ਵੈਕਸੀਨ ਪ੍ਰਦਾਨ ਕਰਨ ਵਾਲਾ ਕਲੀਨਿਕ ਲੱਭਣ ਲਈ www.immunizebc.ca/clinics/flu ਤੇ ਜਾਓ।

j. ਲਾਇਵ ਅਟੈਨੂਏਟਿਡ ਇੰਨਫਲੂਐਂਜ਼ਾ ਵੈਕਸੀਨ ਕੇਵਲ 2 ਤੋਂ 17 ਸਾਲਾਂ ਦੇ ਉਮਰ ਦੇ ਯੋਗ ਬੱਚਿਆਂ ਨੂੰ ਹੀ ਮੁਫਤ ਮੁਹੱਈਆ ਕੀਤੀ ਜਾਂਦੀ ਹੈ।

* ਉੱਚ ਜੋਖਮ ਕਾਰਜਕ੍ਰਮ: ਬ੍ਰਿਟਿਸ਼ ਕੋਲੰਬੀਆ ਲੋਕਾਂ ਦੇ ਕੁਝ ਸਮੂਹਾਂ, ਜਿਵੇਂ ਕਿ ਜਿਹਨਾਂ ਨੂੰ ਪੁਰਾਣੀ ਬਿਮਾਰੀ ਹੁੰਦੀ ਹੈ ਜਾਂ ਜਿਹਨਾਂ ਦੀ ਪ੍ਰਤੀਰੱਖਿਅਣ ਪ੍ਰਣਾਲੀ ਕਮਜ਼ੋਰ ਹੁੰਦੀ ਹੈ, ਨੂੰ ਕਈ ਵੈਕਸੀਨ ਮੁਫ਼ਤ ਪ੍ਰਦਾਨ ਕਰਦਾ ਹੈ। ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਸੰਪਰਕ ਕਰੋ, ਜਾਂ ਵਧੇਰੇ ਜਾਣਕਾਰੀ ਲਈ 8-1-1 ਤੇ ਫੋਨ ਕਰੋ।

ਨੋਟ: ਵੈਕਸੀਨ ਕਾਰਜਕ੍ਰਮ ਬਦਲ ਸਕਦਾ ਹੈ। ਜੇਕਰ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ, ਜਾਂ 8-1-1 ਤੇ ਫੋਨ ਕਰੋ।

ਇਮਿਊਨਾਈਜ਼ੇਸ਼ਨ ਸਾਰਣੀ ਦਾ ਵਿਕਾਸ ਅਤੇ ਉਸਦੀ ਸਮੀਖਿਆ ਹੈਲਥਲਿੰਕ ਬੀ ਸੀ, ਬੀ ਸੀ ਮਿਨਿਸਟ੍ਰੀ ਔਫ ਹੈਲਥ ਅਤੇ ਬੀ ਸੀ ਸੈਂਟਰ ਫਾਰ ਡਿਜੀਜ ਕੰਟ੍ਰੋਲ ਦੁਆਰਾ ਕੀਤੀ ਗਈ।

ਇਮਿਊਨਾਈਜ਼ੇਸ਼ਨ ਬਾਰੇ ਵਧੇਰੇ ਜਾਣਕਾਰੀ ਲਈ, www.immunizebc.ca/. ਇਮਿਊਨਾਈਜ਼ ਬੀਸੀ ਤੇ ਜਾਓ।



ਹੈਲਥਲਿੰਕਬੀਸੀ ਫਾਇਲਾਂ ਦੇ ਹੋਰ ਵਿਸ਼ਿਆਂ ਵਾਸਤੇ, www.HealthLinkBC.ca/healthfiles ਤੇ ਜਾਂ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ਕੋਲ ਜਾਓ। ਬੀ. ਸੀ. ਵਿੱਚ ਸਿਹਤ ਸੰਬੰਧੀ ਨੌਨ-ਐਮਰਜੈਂਸੀ ਜਾਣਕਾਰੀ ਅਤੇ ਸਲਾਹ ਲਈ, www.HealthLinkBC.ca ਤੇ ਜਾਓ ਜਾਂ **8-1-1** (ਟੋਲ ਫ੍ਰੀ) ਤੇ ਫੋਨ ਕਰੋ। ਬਹਿਰੇ ਅਤੇ ਉੱਚਾ ਸੁਣਨ ਵਾਲਿਆਂ ਦੀ ਸਹਾਇਤਾ ਵਾਸਤੇ, **7-1-1** ਤੇ ਫੋਨ ਕਰੋ। ਬੇਨਤੀ ਕਰਨ ਤੇ 130 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਸੇਵਾਵਾਂ ਉਪਲਬਧ ਹਨ।